THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ: ਪੀਐਸਬੀਟੀਆਈਟੀ/2017/ 2781 ਮਿਤੀ: 25.10.17

ਵੱਲ,

ਪ੍ਰਿੰਸੀਪਲ,
ਸਮੂਹ ਸਰਕਾਰੀ/ਪ੍ਰਾਈਵੇਟ/ਏਡਿਡ ਆਈ.ਟੀ.ਆਈ (ਐਨ.ਸੀ.ਵੀ.ਟੀ ਸਕੀਮ ਅਧੀਨ),
ਪੰਜਾਬ ਰਾਜ ਅਧੀਨ।

ਵਿਸ਼ਾ: **Error OMR for Punjab- regarding.**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਡੀ.ਜੀ.ਟੀ, ਨਵੀਂ ਦਿੱਲੀ ਦੀ ਸਕੈਨਿੰਗ ਏਜੰਸੀ ਤੋਂ ਈਮੇਲ ਪ੍ਰਾਪਤ ਹੋਈ ਹੈ, ਜਿਸ ਵਿੱਚ ਉਹਨਾਂ ਦੁਆਰਾ ਓ.ਐਮ.ਆਰ ਸ਼ੀਟਾਂ ਦਾ ਸਕੈਨਡ ਡਾਟਾ ਜਿਸ ਵਿੱਚ error ਪਾਏ ਗਏ ਹਨ, ਬੋਰਡ ਦਫਤਰ ਵਿਖੇ ਭੇਜਿਆ ਗਿਆ ਹੈ। ਜੋ ਡਾਟਾ ਵਾਈਟ ਬੈਕਗਰਾਊਂਡ (white background) ਵਿੱਚ ਹੈ ਉਹ ਡਾਟਾ ਓ.ਐਮ.ਆਰ ਸਕੈਨ ਕਰਨ ਉਪਰੰਤ extract ਕੀਤਾ ਗਿਆ ਹੈ ਅਤੇ ਇਹ ਡਾਟਾ ਵਿੱਚ error ਪਾਏ ਗਏ ਹਨ। ਆਈ.ਟੀ.ਆਈ ਸੰਸਥਾਵਾਂ ਦੁਆਰਾ ਪੀਲੀ ਬੈਕਗਰਾਊਂਡ (yellow background) ਵਾਲੇ ਕਾਲਮ (column: mroll, mname, mtrade, msem, mpaper, mseries) ਫਿਲ ਕੀਤੇ ਜਾਣੇ ਹਨ। ਦੱਸਿਆ ਜਾਂਦਾ ਹੈ ਕਿ ਵੱਖ ਵੱਖ ਸੰਸਥਾਵਾਂ ਦੇ ਵੱਖ ਵੱਖ ਸਮੈਸਟਰਾਂ ਦੇ ਪੇਪਰ ਵੱਖ ਵੱਖ ਪੈਕਟਾਂ ਵਿੱਚ ਪੈਕ ਕੀਤੇ ਗਏ ਸਨ ਜਿਸ ਦਾ ਰਿਕਾਰਡ ਇਸ ਪੱਤਰ ਨਾਲ ਨੱਥੀ ਕਰਕੇ ਭੇਜਿਆ ਜਾ ਰਿਹਾ ਹੈ, ਤਾਂ ਜੋ ਸੰਸਥਾਵਾਂ ਦੁਆਰਾ ਇਸ ਲਿਸਟ ਅਨੁਸਾਰ ਆਪਣੀ ਸੰਸਥਾ ਦੇ ਪੈਕਟ ਦੇਖ ਕੇ ਓਸੇ ਅਨੁਸਾਰ ਪੀਲੀ ਬੈਕਗਰਾਊਂਡ (yellow background) ਵਾਲੇ ਕਾਲਮ ਫਿਲ ਕੀਤੇ ਜਾ ਸਕਣ। ਆਈ.ਟੀ.ਆਈ ਦੁਆਰਾ ਪੀਲੀ ਬੈਕਗਰਾਊਂਡ (yellow background) ਵਿੱਚ ਦਰਸਾਏ ਕਾਲਮ ਫਿਲ ਕਰਨ ਉਪਰੰਤ ਡਾਟਾ ਵਾਪਿਸ ਬੋਰਡ ਦਫਤਰ ਦੀ ਈਮੇਲ **updateresult4@gmail.com** ਤੇ ਦੋ ਦਿਨ ਦੇ ਅੰਦਰ ਭੇਜਿਆ ਜਾਵੇ ਤਾਂ ਜੋ ਅਗਲੇਰੀ ਕਾਰਵਾਈ ਹਿਤ ਡਾਟਾ ਡੀ.ਜੀ.ਟੀ, ਨਵੀਂ ਦਿੱਲੀ ਦੀ ਸਕੈਨਿੰਗ ਏਜੰਸੀ ਨੂੰ ਭੇਜਿਆ ਜਾ ਸਕੇ।

ਉਪਰੋਕਤ ਸਬੰਧੀ ਪਹਿਲ ਦੇ ਆਧਾਰ ਤੇ ਕਾਰਵਾਈ ਕਰਦੇ ਹੋਏ ਲੋੜੀਂਦੀ ਸੂਚਨਾ ਭੇਜੀ ਜਾਵੇ। ਜੇਕਰ ਸੂਚਨਾ ਭੇਜਣ ਵਿੱਚ ਕੋਈ ਵੀ ਦੇਰੀ ਹੁੰਦੀ ਹੈ ਜਾਂ ਸੂਚਨਾ ਗਲਤ ਭੇਜੀ ਜਾਂਦੀ ਹੈ ਤਾਂ ਪ੍ਰੀਖਿਆ ਦੇ ਨਤੀਜੇ ਵਿੱਚ ਹੋਣ ਵਾਲੀ ਦੇਰੀ/ਪੈਦਾ ਹੋਣ ਵਾਲੀਆਂ ਉਲਝਣਾਂ ਦੀ ਸਮੁੱਚੀ ਜਿੰਮੇਵਾਰੀ ਸਬੰਧਤ ਸੰਸਥਾ ਦੀ ਹੀ ਹੋਵੇਗੀ।

ਨੱਥੀ: ਉਪਰੋਕਤ ਅਨੁਸਾਰ

25.10.17
ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ/ਸਕੱਤਰ ਸਾਹਿਬ।
2. ਐਡਮਿਨ ਅਫਸਰ
3. ਸਿਸਟਮ ਐਡਮਿਨਸਟਰੇਟਰ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ